# ਹੈਲਿਕੋਬੈਕਟਰ ਪਾਈਲੋਰੀ ਸੁਆਸ ਜਾਂਚ

ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਨੇ ਤੁਹਾਨੂੰ H. ਪਾਈਲੋਰੀ ਯੂਰੀਆ ਸਾਹ ਦੀ ਜਾਂਚ ਕਰਵਾਉਣ ਲਈ ਕਿਹਾ ਹੈ। ਲੈਬਾਰਟਰੀ ਜਾਂਚ ਦਾ ਸਹੀ ਨਤੀਜਾ ਪ੍ਰਾਪਤ ਕਰਨ ਲਈ, ਤੁਹਾਡੇ ਲਈ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ।

## ਜਾਂਚ ਤੋਂ ਪਹਿਲਾਂ

**ਨੋਟ:**

- ਜੇਕਰ ਤੁਹਾਨੂੰ ਸਿਟਰਸ ਜਾਂ ਸਿਟਰਿਕ ਐਸਿਡ ਤੋਂ ਐਲਰਜੀ ਹੈ, ਤਾਂ ਤੁਸੀਂ ਇਹ ਜਾਂਚ ਨਹੀਂ ਕਰ ਸਕਦੇ।
- ਇਹ ਜਾਂਚ ਤਿੰਨ (3) ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਉਪਲਬਧ ਨਹੀਂ ਹੈ।
- ਗਰਭਵਤੀ ਜਾਂ ਦੁੱਧ ਚੁੰਘਾਉਣ ਵਾਲੀਆਂ ਔ ਮਰੀਜ਼ਾਂ ਲਈ ਇਸ ਟੈਸਟ ਦੀ ਸਿਫ਼ਾਰਸ਼ ਕਰਨ ਲਈ ਕਾਫ਼ੀ ਡੇਟਾ ਨਹੀਂ ਹੈ। ਕਿਰਪਾ ਕਰਕੇ ਇਸ ਜਾਂਚ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗਲ-ਬਾਤ ਕਰੋ।

**ਕਿਰਪਾ ਕਰਕੇ ਇਸ ਜਾਂਚ ਨੂੰ ਕਰਵਾਉਣ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਆਪਣੀ ਦਵਾਈ ਦੀ ਵਰਤੋਂ ਬਾਰੇ ਚਰਚਾ ਕਰੋ।**

ਐਂਟਾਸਿਡ (ਜਿਵੇਂ ਕਿ, ਟਮਜ਼, ਰੋਲਾਇਡ) ਇਸ ਜਾਂਚ ਵਿੱਚ ਦਖਲ ਨਹੀਂ ਦਿੰਦੇ ਹਨ, ਪਰ ਹੇਠ ਲਿਖੀਆਂ ਦਵਾਈਆਂ ਨੂੰ ਜਾਂਚ ਤੋਂ ਪਹਿਲਾਂ ਦੱਸੀ ਗਈ ਮਿਆਦ ਲਈ ਨਹੀਂ ਲਿਆ ਜਾਣਾ ਚਾਹੀਦਾ ਹੈ:

1. ਐਂਟੀਬਾਇਓਟਿਕਸ ਜਿਵੇਂ ਕਿ, ਐਮੋਕਸਿਸਿਲਿਨ, ਕਲੈਰੀਥਰੋਮਾਈਸਿਨ, ਮੈਟਰੋਨਿਡਾਜ਼ੋਲ, ਟੈਟ੍ਰਾਸਾਈਕਲਾਈਨ (4 ਹਫ਼ਤੇ)
2. ਬਿਸਮੁਥ ਤੋਂ ਬਣੇ ਪਦਾਰਥ ਜਿਵੇਂ ਕਿ, ਪੇਪਟੋ-ਬਿਸਮੋਲ (2 ਹਫ਼ਤੇ)
3. ਪ੍ਰੋਟੋਨ ਪੰਪ ਰੋਧਕ ਜਿਵੇਂ ਕਿ, ਨੇਕਸੀਅਮ, ਪੈਰੀਏਟ, ਪ੍ਰੀਵੈਸਿਡ, ਲੋਸੇਕ, ਪੈਂਟੋਲੋਕ, (2 ਹਫ਼ਤੇ)
4. ਸੁਕਰਾਲਫੇਟ (2 ਹਫ਼ਤੇ)
5. H2 ਰੀਸੈਪਟਰ ਵਿਰੋਧੀ ਜਿਵੇਂ ਕਿ, ਜ਼ੈਂਟੈਕ, ਟੈਗਾਮੇਟ, ਪੈਪਸਿਡ (1 ਦਿਨ)

## ਟੈਸਟ ਦੀ ਤਿਆਰੀ ਕਰਨਾ:

**ਜਾਂਚ ਤੋਂ ਘੱਟੋ-ਘੱਟ ਇੱਕ (1)** ਘੰਟੇ ਪਹਿਲਾਂ ਨਾ ਖਾਓ, **ਨਾ ਸਿਗਰਟ ਪੀਓ/ਨਾ ਵੇਪ ਵਰਤੋ, ਨਾ ਗੱਮ ਚਬਾਓ ਜਾਂ ਕੋਈ ਵੀ ਤਰਲ ਪਦਾਰਥ** (ਪਾਣੀ ਸਮੇਤ) **ਨਾ ਪੀਓ**।

## ਜਦੋਂ ਤੁਸੀਂ ਲੈਬ ਵਿੱਚ ਪਹੁੰਚਦੇ ਹੋ:

ਜਾਂਚ ਨੂੰ ਪੂਰਾ ਹੋਣ ਵਿੱਚ ਲਗਭਗ 25 ਮਿੰਟ ਲੱਗਣਗੇ। ਜਾਂਚ ਦੇ ਦੌਰਾਨ ਤੁਹਾਨੂੰ ਲੈਬ ਵਿੱਚ ਮੌਜੂਦ ਰਹਿਣ ਦੀ ਲੋੜ ਹੋਵੇਗੀ।

## ਸੁਵਾਸ ਦੇ ਨਮੂਨੇ ਦੀ ਪ੍ਰਕਿਰਿਆ:

1. ਡੂੰਘਾ ਸਾਹ ਲਓ ਅਤੇ 10 ਸਕਿੰਟਾਂ ਲਈ ਸਾਹ ਰੋਕੋ।
2. ਆਪਣੇ ਮੂੰਹ ਵਿੱਚੋਂ ਹਵਾ ਛੱਡਣ ਲਈ ਕਮਰੇ ਵਿੱਚ ਅੰਸ਼ਕ ਤੌਰ ਤੇ ਸਾਹ ਛੱਡੋ ਅਤੇ ਫਿਰ ਕਲੈਕਸ਼ਨ ਬੈਗ ਦੇ ਮਾਊਥਪੀਸ ਵਿੱਚ ਪੂਰੀ ਤਰ੍ਹਾਂ ਸਾਹ ਛੱਡੋ।
3. ਕਲੈਕਸ਼ਨ ਬੈਗ ਦੇ ਢੱਕਣ ਨੂੰ ਘੁਮਾ ਕੇ ਬੰਦ ਕਰੋ।
4. ਯੂਰੀਆ ਦੇ ਘੋਲ ਦਾ ਲਗਭਗ 100 ਮਿ.ਲੀ.ਪੀਓ।
5. ਮਰੀਜ਼ ਸੇਵਾ ਕੇਂਦਰ ਵਿੱਚ 15 ਮਿੰਟ ਉਡੀਕ ਕਰੋ।
   **ਮਹੱਤਵਪੂਰਨ:** ਇਸ ਉਡੀਕ ਦੇ ਸਮੇਂ ਦੇ ਦੌਰਾਨ ਸਿਗਰਟ ਨਾ ਪੀਓ, ਨਾ ਕੁਝ ਖਾਓ ਅਤੇ ਨਾ ਹੀ ਪੀਓ।
6. ਉੱਪਰ ਦਿੱਤੇ ਚਰਣ 1 ਤੋਂ 3 ਵਾਂਗ ਸਾਹ ਦਾ ਦੂਜਾ ਨਮੂਨਾ ਪ੍ਰਦਾਨ ਕਰੋ।